ਫ਼ਰਾਂਸ ਦੀ ਬਾ਼ਗ਼ੀ ਆਤਮਾ

G. 785

ਅਨੁਵਾਦਿਕ—ਅਮਰ ਸਿੰਘ ਬੀ. ਏ .,
ਐਡੀਟਰ—ਪਿਆਰਾ ਸਿੰਘ 'ਸਹਿਰਾਈ'

SARDAR DYAL S
LAHORE
LIBRARY.

★

ਪ੍ਰੀਤ ਨਗਰ ਸ਼ਾਪ
ਲਾਹੌਰ

ਜੂਨ ੧੯੪੪ ਕੀਮਤ ੧)

940.53
M 2 6
30179

ਭੂਮਿਕਾ

ਫ਼ਰਾਂਸ ਦੀ ਇਨਕਲਾਬੀ ਲਹਿਰ ਦੇ ਮਸ਼ਹੂਰ ਲੀਡਰਾਂ ਦੇ ਲਿਖੇ ਹੋਏ ਮਜ਼ਮੂਨਾਂ ਦਾ ਇਹ ਸੰਗ੍ਰਹਿ ਤੁਹਾਨੂੰ ਦਸੇਗਾ ਕਿ ਫ਼ਰਾਂਸੀਸੀ ਲੋਕ ਕਿਸ ਤਰ੍ਹਾਂ ਹਿਟਲਰੀ ਫ਼ਾਸਿਸਟਾਂ ਅਤੇ ਉਹਨਾਂ ਦੀਆਂ ਵਿੱਚੀ-ਵਾਦ ਪੁਛਲਾਂ ਨਾਲ ਲੜ ਰਹੇ ਹਨ । ਇਹ ਤੁਹਾਨੂੰ ਫ਼ਰਾਂਸ ਦੀ ਉਠ ਰਹੀ ਬਾਗ਼ੀ ਆਤਮਾ ਦਰਸਾਏਗਾ ਅਤੇ ਦਸੇਗਾ ਕਿ ਕਿਸ ਤਰ੍ਹਾਂ ਫ਼ਰਾਂਸੀਸੀ ਦੇਸ਼ ਭਗਤਾਂ ਦੀਆਂ ਸਾਰੀਆਂ ਜਮਾਤਾਂ ਦੀ ਫੈਸਿਜ਼ਮ ਵਿਰੁਧ ਏਕਤਾ ਵਧ ਰਹੀ ਹੈ। ਇਹ ਤੁਹਾਨੂੰ ਉਹਨਾਂ ਬਹਾਦਰਾਂ ਅਤੇ ਸ਼ਹੀਦਾਂ ਨਾਲ ਜਾਣ ਪਛਾਣ ਕਰਾਏਗਾ ਜਿਨ੍ਹਾਂ ਇਸ ਬਗ਼ਾਵਤ ਅਤੇ ਏਕੇ ਦੀ ਅਗਵਾਈ ਕੀਤੀ ਹੈ ਜਾਂ ਕਰ ਰਹੇ ਹਨ।

੧੯੪੦ ਵਿਚ ਫ਼ਰਾਂਸ ਦੇ ਢੈ ਪੈਣ ਨੇ, ਕਮਿਊਨਿਸਟ ਪਾਰਟੀ ਤੋਂ ਛੁਟ ਹੋਰ ਸਾਰੀਆਂ ਦੇਸ਼ ਭਗਤ ਰਾਜਸੀ ਪਾਰਟੀਆਂ ਦਾ ਖ਼ਾਤਮਾ ਕਰ ਦਿਤਾ। ਕਮਿਊਨਿਸਟ ਪਾਰਟੀ ਹੀ ਇਕ ਅਜੇਹੀ ਪਾਰਟੀ ਸੀ, ਜੇਹੜੀ ਨਾਜ਼ੀਆਂ ਤੋਂ ਕੁਚਲੀ ਨਾ ਜਾ ਸਕੀ। ਇਹੋ ਇਕ ਪਾਰਟੀ ਸੀ, ਜਿਸ ਨੇ ਇਕ ਤਕੜੀ ਖ਼ੁਫ਼ੀਆ ਜਥੇਬੰਦੀ ਬਣਾ ਕੇ ਫ਼ਰਾਂਸੀਸੀ ਲੋਕਾਂ ਨੂੰ ਢਹਿੰਦੀਆਂ ਕਲਾਂ ਵਲ ਜਾਣੋਂ ਰੋਕਿਆ ਅਤੇ ਮੁਕਾਬਲੇ ਲਈ ਤਿਆਰ ਕੀਤਾ।

ਇਹੋ ਇਕ ਪਾਰਟੀ ਸੀ, ਜਿਸ ਉਤੇ ਨਾਜ਼ੀ ਜੱਲਾਦਾਂ ਨੇ ਆਪਣਾ ਸਾਰਾ ਕਹਿਰ ਇਕੱਠਾ ਕਰ ਦਿਤਾ । ਹਜ਼ਾਰਾਂ ਬਹਾਦਰ ਫ਼ਰਾਂਸੀਸੀ ਕਮਿਊਨਿਸਟ, ਜੁਆਨ ਤੇ ਬੁਢੇ, ਮਰਦ ਤੇ ਤੀਵੀਂਆਂ, ਮਾਤ-ਭੂਮੀ ਦੀ ਜੰਗ ਵਿਚ ਸ਼ਹੀਦ ਹੋ ਗਏ।

ਪਰ ਪਾਰਟੀ ਨੇ ਫਿਰ ਵੀ ਆਪਣਾ ਕੰਮ ਬਿਨਾ ਥਕਾਵਟ ਦੇ, ਦਲੇਰੀ ਨਾਲ ਜਾਰੀ ਰਖਿਆ। ਪਾਰਟੀ ਦਾ ਜੈਨਰਲ ਸੇਕ੍ਰੇਟਰੀ, ਮਾਰਿਸ ਥੋਰੇ ਫ਼ਰਾਂਸ ਦੇ ਅੰਦਰ, ਗੈਸਟਾਪੋ (ਜਰਮਨ ਖ਼ੁਫ਼ੀਆ ਪੁਲਸ) ਅਤੇ

ਵਿੱਚੀ-ਵਾਦ ਪੁਤਲੀਆਂ ਦੇ ਐਨ ਵਿਚਕਾਰ ਰਹਿ ਕੇ ਕੰਮ ਕਰਦਾ ਰਿਹਾ।

ਸੋਵੀਅਟ ਯੂਨੀਅਨ ਦੇ ਲੜਾਈ ਵਿਚ ਆ ਜਾਣ ਨਾਲ, ਅਤੇ ਸੋਵੀਅਟ ਲੋਕਾਂ ਤੇ ਉਹਨਾਂ ਦੀ ਮਹਾਨ ਲਾਲ ਫ਼ੌਜ ਦੀ ਬੀਰਤਾ ਭਰੀ ਜੰਗ ਨੇ ਫ਼ਰਾਂਸ ਦੀ ਅੰਦਰਲੀ ਦਸ਼ਾ ਦਾ ਹੁਲੀਆ ਬਦਲ ਦਿਤਾ। ਮੁਕਾਬਲੇ ਦੀ ਦੇਸ਼ ਭਗਤਕ ਲਹਿਰ ਉਠੀ ਅਤੇ ਜੰਗਲ ਦੀ ਅੱਗ ਵਾਂਗ ਫੈਲ ਗਈ। ਜੇਹੜਾ ਝੰਡਾ ਕਈ ਮਹੀਨੇ ਇਕੱਲੀ ਕਮਿਊਨਿਸਟ ਪਾਰਟੀ ਨੇ ਬਹਾਦਰੀ ਨਾਲ ਉੱਚਾ ਕੀਤਾ ਰਖਿਆ ਸੀ, ਉਹ ਹੁਣ ਫ਼ਰਾਂਸੀਸੀ ਦੇਸ਼ ਭਗਤਾਂ ਅਤੇ ਲੋਕਾਂ ਦੇ ਬਹੁਤ ਹਿਸਿਆਂ ਦਾ ਝੰਡਾ ਹੁੰਦਾ ਗਿਆ।

ਲਾਲ ਫ਼ੌਜ ਦੀ ਲਗਾਈ ਹਰ ਇਕ ਸੱਟ ਅਤੇ ਇਤਿਹਾਦੀਆਂ ਦੇ ਯੂਰਪ ਵਿਚ ਦੂਜਾ ਮੁਹਾਜ਼ ਖੋਲ੍ਹਨ ਲਈ ਚੁਕੇ ਹਰ ਇਕ ਕਦਮ ਨਾਲ, ਹਿਟਲਰੀ ਫੈਸਿਜ਼ਮ ਦਾ ਸੰਕਟ ਡੂੰਘੇਰਾ ਹੁੰਦਾ ਗਿਆ ਅਤੇ ਫ਼ਰਾਂਸੀਸੀ ਲੋਕਾਂ ਦੇ ਨਾਜ਼ੀਆਂ ਤੇ ਉਹਨਾਂ ਦੀਆਂ ਪੁਛਲਾਂ ਉਤੇ ਕੀਤੇ ਜਾ ਰਹੇ ਵਾਰ ਵਧੇਰੇ ਜ਼ੋਰਦਾਰ ਅਤੇ ਤੇਜ਼ ਹੁੰਦੇ ਗਏ।

ਫ਼ਰਾਂਸ ਦੀ ਕਮਿਊਨਿਸਟ ਪਾਰਟੀ ਨੇ, ਫ਼ਰਾਂਸੀਸੀ ਲੋਕਾਂ ਦੇ ਸਾਰੇ ਦੇਸ਼ ਭਗਤਕ ਹਿਸਿਆਂ ਨੂੰ, ਜਿਹੜੇ ਫ਼ਰਾਂਸ ਦੀ ਆਜ਼ਾਦੀ ਲਈ ਫ਼ੈਸਿਜ਼ਮ ਅਤੇ ਉਸਦੇ ਸਥਾਨਕ ਮਦਦਗਾਰਾਂ ਦੇ ਖ਼ਿਲਾਫ ਲੜਨ ਦੇ ਹੱਕ ਵਿਚ ਸਨ, ਵਧ ਤੋਂ ਵਧ ਏਕਤਾ ਪੈਦਾ ਕਰਨ ਦਾ ਸੱਦਾ ਦਿੱਤਾ। ਉਹਨਾਂ ਆਜ਼ਾਦ ਫ਼ਰਾਂਸੀਸੀਆਂ ਦੀ ਨੈਸ਼ਨਲ ਕਮੇਟੀ ਬਣਾਣ ਦਾ ਉਪਰਾਲਾ ਕੀਤਾ – ਨਾਜ਼ੀਆਂ ਅਤੇ ਉਹਨਾਂ ਦੇ ਫ਼ਰਾਂਸੀਸੀ ਪਿਠੂਆਂ ਦੇ ਮੁਕਾਬਲੇ ਲਈ ਫ਼ਰਾਂਸੀਸੀਆਂ ਦੀ ਇਕ ਸਾਂਝੀ ਸੰਸਥਾ।

ਜ਼ਰਾ ਜੂਨ ੧੯੪੦ ਨੂੰ ਚੇਤੇ ਕਰੋ, ਜਦੋਂ ਫ਼ਰਾਂਸ ਢੱਠਾ ਸੀ ਅਤੇ ਉਸ ਦਾ ਅਜ ਦੇ ਫ਼ਰਾਂਸ ਨਾਲ ਮੁਕਾਬਲਾ ਕਰੋ।

ਅਜ ਇਕ ਤਕੜੀ, ਦੇਸ਼ ਭਗਤਕ, ਫੈਸਿਜ਼ਮ-ਵਿਰੁਧ ਲਹਿਰ ਸਾਰੇ ਫ਼ਰਾਂਸ ਵਿਚ ਫੈਲੀ ਹੋਈ ਹੈ। ਇਸ ਲਹਿਰ ਦੇ ਸਾਰੇ ਹਿੱਸਿਆਂ ਵਿਚ ਏਕਤਾ ਲਿਆਂਦੀ ਜਾ ਚੁਕੀ ਹੈ – ਪਾਰਲਾਨਾਂ ਸਾਜ਼ਸ਼ਾਂ ਅਤੇ ਚਲਾਕੀਆਂ

ਦੇ ਅਤੇ ਬਾਵਜੂਦ ਮਤਲਬੀ ਤਬਕਿਆਂ ਦੀਆਂ ਸਾਰੀਆਂ ਦਾਰਲਾਂ-ਵਾਦੀ, ਏਕਤਾ-ਢਾਊ ਕੋਸ਼ਿਸ਼ਾਂ ਦੇ, ਡੀਗਾਲੇ-ਜੀਰੋ ਇਤਹਾਦ ਦਾ ਸਿੱਟਾ ਫ਼ਰਾਂਸ ਦੀਆਂ ਜਮਹੂਰੀ ਤਾਕਤਾਂ ਦੀ ਇਕ ਭਾਰੀ ਜਿੱਤ ਹੈ।

ਓਹ ਕੇਵਲ ਇਤਹਾਦੀਆਂ ਦੇ ਮਹਾਂਦੀਪ ਉਤੇ ਹਮਲੇ ਦੀ ਉਡੀਕ ਵਿਚ ਹਨ। (ਇਹ ਹਮਲਾ ਪੰਜ ਜੂਨ ਦੀ ਰਾਤ ਨੂੰ ਭਾਰੀ ਪੈਮਾਨੇ ਤੇ ਸ਼ੁਰੂ ਹੋ ਚੁਕਾ ਹੈ) ਤਾਕਿ ਗਲੇ ਸੜੇ ਨਾਜ਼ੀਆਂ ਅਤੇ ਉਹਨਾਂ ਦੇ ਫ਼ਰਾਂਸੀਸੀ ਪਿੱਠੂਆਂ ਉਤੇ ਇਕੋ ਵੇਰ ਟੁਟ ਪੈਣ।

ਹਥਿਆਏ ਯੂਰਪ ਵਿਚ ਕਿਸੇ ਹੋਰ ਥਾਂ ਨਾਲੋਂ ਫ਼ਰਾਂਸ ਵਿਚ ਤਾਕਤਾਂ ਹੁਣ ਜ਼ਿਆਦਾ ਪ੍ਰਕਿਆਈ ਨਾਲ ਜਥੇਬੰਦ ਹਨ ਅਤੇ ਇਹਨਾਂ ਤਾਕਤਾਂ ਦੀ ਅਗਵਾਈ ਜ਼ਿਆਦਾ ਮਜ਼ਬੂਤ ਅਤੇ ਇਕੋ ਕੇਂਦਰ ਵਿਚ ਜੰਮੀ ਹੋਈ ਹੈ। ਇਹ ਸਾਰਾ ਫ਼ਰਕ ਕਮਿਊਨਿਸਟ ਪਾਰਟੀ ਦੀ ਤਾਕਤ ਅਤੇ ਅਗਵਾਈ ਕਰਕੇ ਹੈ। ਇਹ ਗਲ ਭਰੋਸਾ ਦੁਆਂਦੀ ਹੈ ਕਿ ਫ਼ਰਾਂਸ ਵਿਚ ਹਿਟਲਰੀ ਫੈਸਿਜ਼ਮ ਦਾ ਖ਼ਾਤਮਾ, ਆਜ਼ਾਦ ਫ਼ਰਾਂਸ ਦਾ ਮੁੱਢ ਬਨ੍ਹੇਗਾ ਜਦੋਂ, ਫ਼ਰਾਂਸੀਸੀ ਲੋਕ ਮਤਲਬੀ ਤਬਕਿਆਂ ਦੀਆਂ ਪਾਈਆਂ ਸਾਰੀਆਂ ਰੁਕਾਵਟਾਂ ਨੂੰ ਚੂਰ ਕਰਦੇ ਹੋਏ ਆਪਣੇ ਮੁਲਕ ਦੀ ਹੋਣੀ ਆਪਣੇ ਹੱਥਾਂ ਵਿਚ ਸੰਭਾਲਣਗੇ। ਇਸ ਕਰਕੇ ਯਕੀਨ ਕੀਤਾ ਜਾ ਸਕਦਾ ਹੈ ਕਿ ਹੁਣ ਫ਼ਰਾਂਸ ਦਾ ਇਤਿਹਾਸ ਬਣਾਣ ਵਾਲੇ ਆਪ ਫ਼ਰਾਂਸੀਸੀ ਲੋਕ ਹੋਣਗੇ ਨਾ ਕਿ ਕੋਈ ਇਧਰ ਉਧਰ ਦੀ ਪ੍ਰਦੇਸੀ ਸਾਮਰਾਜੀ ਜੁੰਡੀ।

"ਫ਼ਰਾਂਸ ਵਿਚ ਬਿਗਲ ਵਜ ਚੁੱਕਾ ਹੈ", ਕਹਿੰਦਾ ਹੈ ਐਂਡਰੇ ਮਾਰਟੀ, ਮਸ਼ਹੂਰ ਫ਼ਰਾਂਸੀਸੀ ਕਮਿਊਨਿਸ਼ਟ ਲੀਡਰ। ਇਹ ਪੈਂਫਲਿਟ ਤੁਹਾਨੂੰ ਦਸੇਗਾ, ਕਿਉਂ ਤੇ ਕਿਸ ਤਰ੍ਹਾਂ। ਇਹ ਤੁਹਾਨੂੰ ਦਸੇਗਾ ਕਿ ਯੂਰਪ ਵਿਚ ਦੂਜਾ ਮੁਹਾਜ਼ ਖੁਲ੍ਹਣ ਨਾਲ ਫ਼ਰਾਂਸ ਤੋਂ ਕਿਸ ਗਲ ਦੀ ਆਸ ਹੋ ਸਕਦੀ ਹੈ।

ਬੰਬਈ
੨੬-੮-੪੩

ਐਨ. ਕੇ. ਕ੍ਰਿਸ਼ਨਨ

ਫ਼ਰਾਂਸ ਦੀ ਕਮਿਊਨਿਸਟ ਪਾਰਟੀ ਰਣ-ਭੂਮੀ ਵਿਚ

(ਫਰਨੰਡ ਗਰੇਨੀਅਰ – ਫ਼ਰਾਂਸ ਦੀ ਕਮਿਊ-ਨਿਸਟ ਪਾਰਟੀ ਦੀ ਸੈਂਟ੍ਰਲ ਕਮੇਟੀ ਦਾ ਮੈਂਬਰ)

[ਮਾਰਚ ੧੯੪੩ ਵਿਚ ਲਿਖਿਆ ਗਿਆ ਇਹ ਲੇਖ ਫ਼ਰਾਂਸੀਸੀ ਲੋਕਾਂ ਦੀ ਫ਼ੈਸਿਜ਼ਮ ਵਿਰੁਧ ਲੜਾਈ ਦਾ ਬਾਹਰਲੀ ਦੁਨੀਆ ਲਈ ਸਭ ਤੋਂ ਸਾਫ਼ ਅਤੇ ਇਤਬਾਰ ਯੋਗ ਖਾਕਾ ਹੈ।

ਇਸ ਦਾ ਲੇਖਕ, ਫਰਨੰਡ ਗਰੇਨੀਅਰ, ਖੁਦ ਇਸ ਜੰਗ ਦੀ ਪੈਰਿਸ ਵਿਚ ਅਗਵਾਈ ਕਰਦਾ ਰਿਹਾ ਹੈ, ਸਮਝੋ ਹਿਟਲਰ-ਦਬਾਏ ਫ਼ਰਾਂਸ ਦੇ ਐਨ ਦਿਲ ਵਿਚਕਾਰ। ਗਰੇਨੀਅਰ ਲੜਾਈ ਤੋਂ ਪਹਿਲਾਂ ਫ਼ਰਾਂਸ ਦੀ ਪਾਰਲੀਮੈਂਟ ਦਾ ਸੇਂਟ ਡੈਨਿਸ ਦੇ ਹਲਕੇ ਵਿਚੋਂ ਚੁਣਿਆ ਹੋਇਆ ਮੈਂਬਰ ਸੀ (ਸੇਂਟ ਡੈਨਿਸ ਪੈਰਿਸ ਦਾ ਇਕ ਸਨਅਤੀ ਰਕਬਾ ਹੈ)। ਇਹ ਫ਼ਰਾਂਸ ਦੀ ਕਮਿਊਨਿਸਟ ਪਾਰਟੀ ਦੀ ਸੈਂਟ੍ਰਲ ਕਮੇਟੀ ਦਾ ਇਕ ਉੱਘਾ ਮੈਂਬਰ ਹੈ। ਜਦੋਂ ਹਿਟਲਰ ਦੀ ਗੈਸਟਾਪੋ (ਖ਼ੁਫੀਆ ਪੋਲੀਸ) ਨੇ ਫ਼ਰਾਂਸ ਦੇ ਅਨੇਕਾਂ ਦੇਸ਼ ਭਗਤਾਂ ਤੇ ਝਪਟਾ ਮਾਰਿਆ ਤਾਂ ਉਹਨਾਂ ਨਾਲ ਗਰੇਨੀਅਰ ਵੀ ਨਾਜ਼ੀਆਂ ਦਾ ਕੈਦੀ ਬਣਾਇਆ ਗਿਆ। ਕਈ ਮਹੀਨੇ ਜੇਹਲ ਵਿਚ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.